HealthLinkBC



# ਇਮਿਊਨਾਈਜ਼ੇਸ਼ਨਾਂ ਲਈ ਸੁੰਨ ਕਰਨ ਵਾਲੀਆਂ ਕ੍ਰੀਮਾਂ ਅਤੇ ਪੈਚ
# Numbing Creams and Patches for Immunizations

ਇਮਿਊਨਾਈਜ਼ੇਸ਼ਨਾਂ (ਟੀਕਾਕਰਣ) ਗੰਭੀਰ ਬਿਮਾਰੀਆਂ ਵਿਰੁੱਧ ਰੱਖਿਆ ਕਰਦੀਆਂ ਹਨ, ਪਰ ਉਨ੍ਹਾਂ ਕਰਕੇ ਬੇਆਰਾਮੀ ਵੀ ਹੋ ਸਕਦੀ ਹੈ। ਟੀਕਾਕਰਣ ਕਰਕੇ ਹੋਣ ਵਾਲੀ ਬੇਆਰਾਮੀ ਨੂੰ ਘਟਾਉਣ ਦਾ ਇੱਕ ਤਰੀਕਾ ਸਤਹੀ (topical) ਬੇਹੋਸ਼ ਕਰਨ ਵਾਲੀਆਂ ਦਵਾਈਆਂ ਵਰਤਣਾ, ਜਿੰਨ੍ਹਾਂ ਨੂੰ ਸੁੰਨ ਕਰਨ ਵਾਲੀਆਂ ਕ੍ਰੀਮਾਂ ਜਾਂ ਪੈਚਾਂ ਦੀ ਤਰ੍ਹਾਂ ਵੀ ਜਾਣਿਆ ਜਾਂਦਾ ਹੈ।

ਇਸ ਹੈਲਥਲਿੰਕਬੀਸੀ ਫਾਇਲ ਵਿਚਲੀ ਜਾਣਕਾਰੀ ਤੁਹਾਨੂੰ ਦਿਖਾਉਂਦੀ ਹੈ ਕਿ ਨੇਮਕ ਟੀਕਾਕਰਣ ਲਈ ਛੋਟੇ ਬੱਚਿਆਂ, ਰਿੜ੍ਹਨ ਵਾਲੇ ਬੱਚਿਆਂ ਅਤੇ ਵਡੇ ਬੱਚਿਆਂ ਲਈ ਸੁੰਨ ਕਰਨ ਵਾਲੀਆਂ ਕ੍ਰੀਮਾਂ ਅਤੇ ਪੈਚ ਕਿਥੇ ਲਗਾਉਣੇ ਹਨ। ਜੇ ਤੁਹਾਡੇ ਇਸ ਬਾਰੇ ਕੋਈ ਪ੍ਰਸ਼ਨ ਹਨ ਕਿ ਤੁਹਾਡੇ ਬੱਚੇ ਨੂੰ ਟੀਕੇ ਕਿਥੇ ਲਗਾਏ ਜਾਣਗੇ, ਆਪਣੀ ਮੁਲਾਕਾਤ ਤੋਂ ਪਹਿਲਾਂ ਆਪਣੇ ਟੀਕਾਕਰਣ ਪ੍ਰਦਾਤਾ ਦੇ ਨਾਲ ਗੱਲ ਕਰੋ। ਟੀਕਾਕਰਣ ਦੇ ਦੌਰਾਨ ਆਪਣੇ ਬੱਚੇ ਦੀ ਬੇਆਰਾਮੀ ਨੂੰ ਘਟਾਉਣ ਦੇ ਸਾਰੇ ਤਰੀਕਿਆਂ ਦੀ ਪੂਰੀ ਸੂਚੀ ਲਈ, HealthLinkBC File #50e ਤੁਹਾਡੇ ਬੱਚੇ ਲਈ ਇਮਿਊਨਾਈਜ਼ੇਸ਼ਨ ਦਾ ਇੱਕ ਅੱਛਾ ਅਨੁਭਵ ਦੇਖੋ।

## ਸੁੰਨ ਕਰਨ ਵਾਲੀਆਂ ਕ੍ਰੀਮਾਂ ਅਤੇ ਪੈਚ ਕੀ ਹਨ?

ਸੁੰਨ ਕਰਨ ਵਾਲੀਆਂ ਕ੍ਰੀਮਾਂ ਜਾਂ ਪੈਚ ਚਮੜੀ ਵਿੱਚ ਦਰਦ ਦੇ ਸੰਵੇਦਕਾਂ (receptors) ਨੂੰ ਬਲਾਕ ਕਰਕੇ ਦਰਦ ਦੇ ਅਹਿਸਾਸ ਨੂੰ ਅਰਾਮ ਦਿੰਦੀਆਂ ਹਨ। ਸੁੰਨ ਕਰਨ ਵਾਲੀਆਂ ਕ੍ਰੀਮਾਂ ਜਾਂ ਪੈਚਾਂ ਨੂੰ ਤੁਹਾਡੀ ਸਥਾਨਕ ਫਾਰਮੇਸੀ ਤੋਂ ਖਰੀਦਿਆ ਜਾ ਸਕਦਾ ਹੈ। ਤੁਹਾਨੂੰ ਉਨ੍ਹਾਂ ਨੂੰ ਖਰੀਦਣ ਵਾਸਤੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਕੋਲੋਂ ਪਰਚੀ ਦੀ ਲੋੜ ਨਹੀਂ ਹੈ।

## ਮੈਂ ਸੁੰਨ ਕਰਨ ਵਾਲੀਆਂ ਕ੍ਰੀਮਾਂ ਅਤੇ ਪੈਚ ਕਿਵੇਂ ਵਰਤਾਂ?

ਅਨੇਕ ਉਤਪਾਦ ਉਪਲਬਧ ਹਨ ਅਤੇ ਇੰਨ੍ਹਾਂ ਨੂੰ ਕਿਵੇਂ ਵਰਤਿਆ ਜਾਣਾ ਚਾਹੀਦਾ ਹੈ ਲਈ ਇੰਨ੍ਹਾਂ ਦੀਆਂ ਵੱਖ ਵੱਖ ਹਿਦਾਇਤਾਂ ਹੋ ਸਕਦੀਆਂ ਹਨ। ਇੰਨ੍ਹਾਂ ਉਤਪਾਦਾਂ ਦੀ ਵਰਤੋਂ ਇੰਨ੍ਹਾਂ ਚੀਜ਼ਾਂ ਤੇ ਨਿਰਭਰ ਕਰਦੇ ਹੋਏ ਬਦਲ ਜਾਏਗੀ:

- ਬੱਚੇ ਦੀ ਉਮਰ;
- ਉਤਪਾਦ ਨੂੰ ਕਿਵੇਂ ਲਗਾਇਆ ਜਾਂਦਾ ਹੈ;
- ਉਤਪਾਦ ਦੀ ਵਰਤੀ ਜਾਣ ਵਾਲੀ ਮਾਤਰਾ;
- ਸਮੇਂ ਦੀ ਮਿਆਦ ਜਿਸ ਲਈ ਉਤਪਾਦ ਨੂੰ ਲਗਾਏ ਜਾਣ ਦੀ ਲੋੜ ਹੈ; ਅਤੇ
- ਉਤਪਾਦ ਹਟਾਏ ਜਾਣ ਤੋਂ ਬਾਅਦ ਕਿੰਨੀ ਦੇਰ ਤੱਕ ਰਹਿੰਦਾ ਹੈ।

ਆਪਣੇ ਬੱਚੇ ਤੇ ਇੰਨ੍ਹਾਂ ਉਤਪਾਦਾਂ ਦਾ ਉਪਯੋਗ ਕਰਨ ਤੋਂ ਪਹਿਲਾਂ ਪੈਕੇਜ ਤੇ ਦਿੱਤੀਆਂ ਗਈਆਂ ਹਿਦਾਇਤਾਂ ਨੂੰ ਪੜ੍ਹਨਾ ਅਤੇ ਸਾਵਧਾਨੀ ਨਾਲ ਉਨ੍ਹਾਂ ਦੀ ਪਾਲਣਾ ਕਰਨਾ ਮਹੱਤਵਪੂਰਨ ਹੈ।


ਕ੍ਰੀਮਾਂ ਜਾਂ ਪੈਚਾਂ ਨੂੰ ਟੀਕਾਕਰਣ ਮੁਲਾਕਾਤ ਤੋਂ ਪਹਿਲਾਂ ਲਗਾਏ ਜਾਣ ਦੀ ਲੋੜ ਹੈ ਕਿਉਂਕਿ ਉਤਪਾਦ ਨੂੰ ਉਸ ਦੇ ਲਗਾਏ ਜਾਣ ਤੋਂ ਬਾਅਦ ਚਮੜੀ ਨੂੰ ਸੁੰਨ ਕਰਨ ਵਾਸਤੇ ਸਮੇਂ ਦੀ ਲੋੜ ਹੁੰਦੀ ਹੈ। ਚਮੜੀ ਨੂੰ ਸੁੰਨ ਕਰਨ ਵਾਸਤੇ ਲੁੜੀਂਦਾ ਸਮਾਂ ਉਸਦੇ ਲਗਾਏ ਜਾਣ ਤੋਂ ਬਾਅਦ 30 ਤੋਂ 60 ਮਿੰਟ ਬਾਅਦ ਤੱਕ ਵੱਖ ਵੱਖ ਹੁੰਦਾ ਹੈ। ਉਤਪਾਦ ਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਯਕੀਨੀ ਬਣਾਓ।

ਜੇ ਤੁਸੀਂ ਤੁਹਾਡੀ ਅਪੌਇੰਟਮੈਂਟ ਤੋਂ ਪਹਿਲਾਂ ਉਤਪਾਦ ਨੂੰ ਹਟਾ ਦਿੰਦੇ ਹੋ, ਪੈਚ ਜਾਂ ਕ੍ਰੀਮ ਨੂੰ ਢਕਣ ਵਾਲੀ ਪੱਟੀ ਦੇ ਕਿਨਾਰਿਆਂ ਨੂੰ ਪੇਨ ਦੇ ਨਾਲ ਆਉਟਲਾਇਨ ਕਰੋ। ਇਹ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੂੰ ਦਿਖਾਏਗਾ ਕਿ ਸੁੰਨ ਕਰਨ ਵਾਲੀ ਕ੍ਰੀਮ ਜਾਂ ਪੈਚ ਕਿਥੇ ਲਗਾਇਆ ਗਿਆ ਸੀ।

ਹੇਠਾਂ ਦਿੱਤੀਆਂ ਹਿਦਾਇਤਾਂ ਉਨ੍ਹਾਂ ਬੱਚਿਆਂ ਲਈ ਹਨ ਜਿੰਨ੍ਹਾਂ ਦਾ ਟੀਕਾਕਰਣ ਬੀ ਸੀ ਦੇ ਬਚਪਨ ਦੇ ਨੇਮਕ ਟੀਕਾਕਰਣ ਕਾਰਜਕ੍ਰਮ ਦੇ ਅਨੁਸਾਰ ਕੀਤਾ ਜਾ ਰਿਹਾ ਹੈ। ਹੋਰ ਜਾਣਕਾਰੀ ਲਈ, ਬੀ ਸੀ ਇਮਿਊਨਾਈਜ਼ੇਸ਼ਨ ਕਾਰਜਕ੍ਰਮ ਦੇਖੋ।

## ਮੈਂ 2, 4 ਅਤੇ 6 ਮਹੀਨੇ ਦੀਆਂ ਟੀਕਾਕਰਣ ਮੁਲਾਕਾਤਾਂ ਲਈ ਸੁੰਨ ਕਰਨ ਵਾਲੇ ਉਤਪਾਦ ਕਿਥੇ ਲਗਾਵਾਂ?

ਇੰਨ੍ਹਾਂ ਮੁਲਾਕਾਤਾਂ ਤੇ, ਟੀਕੇ ਲੱਤ ਦੇ ਉਪਰਲੇ ਹਿੱਸੇ (ਪੱਟ) ਵਿੱਚ ਲਗਾਏ ਜਾਂਦੇ ਹਨ। ਸੁੰਨ ਕਰਨ ਵਾਲੀਆਂ ਕ੍ਰੀਮਾਂ ਜਾਂ ਪੈਚਾਂ ਨੂੰ ਹੇਠਾਂ ਦਿਖਾਈਆਂ ਗਈਆਂ ਜਗ੍ਹਾਵਾਂ ਤੇ ਲਗਾਏ ਜਾਣ ਦੀ ਲੋੜ ਹੈ।




ਸੁੰਨ ਕਰਨ ਵਾਲੀ ਕ੍ਰੀਮ ਜਾਂ ਪੈਚ ਲਗਾਉਣ ਵੇਲੇ ਇੰਨ੍ਹਾਂ ਕਦਮਾਂ ਦੀ ਪਾਲਣਾ ਕਰੋ:


1. ਆਪਣੇ ਬੱਚੇ ਨੂੰ ਉਸਦਾ ਮੂੰਹ ਤੁਹਾਡੇ ਵਲ ਕਰਕੇ ਲਿਟਾਓ।
2. ਆਪਣੇ ਬੱਚੇ ਦੀਆਂ ਲੱਤਾਂ ਵਿੱਚੋਂ ਇੱਕ ਲੱਤ ਦੇ ਅਗਲੇ ਪਾਸੇ ਦੇ ਵਿਚਕਾਰ ਇੱਕ ਕਾਲਪਨਿਕ ਲਾਇਨ ਖਿੱਚੋ,ਲੱਕ ਤੋਂ ਗੋਡੇ ਤੱਕ (ਲਾਇਨ ਏ)।
3. ਉਸ ਤੋਂ ਬਾਅਦ ਲੱਤ ਦੇ ਉਪਰਲੇ ਹਿੱਸੇ ਨੂੰ 3 ਬਰਾਬਰ ਭਾਗਾਂ ਵਿੱਚ ਵੰਡੋ (ਲਾਇਨਾਂ ਬੀ ਅਤੇ ਸੀ)। ਕ੍ਰੀਮ ਜਾਂ ਪੈਚ ਨੂੰ ਲੱਤ ਦੇ ਵਿਚਲੇ ਬਾਹਰਲੇ ਭਾਗ ਤੇ ਲਗਾਓ।

2 ਅਤੇ 4 ਮਹੀਨੇ ਦੀਆਂ ਟੀਕਾਕਰਣ ਮੁਲਾਕਾਤਾਂ ਲਈ ਆਪਣੇ ਬੱਚੇ ਦੀ ਦੂਸਰੀ ਲੱਤ ਤੇ ਸਟੈਪ 2 ਅਤੇ 3 ਦੋਹਰਾਓ।

| ਉਮਰ | ਕ੍ਰੀਮ ਜਾਂ ਪੈਚ ਕਿਥੇ ਲਗਾਇਆ ਜਾਏ |
|---|---|
| 2 ਮਹੀਨੇ | ਦਿਖਾਏ ਅਨੁਸਾਰ ਦੋਵਾਂ ਲੱਤਾਂ ਤੇ ਲਗਾਓ। |
| 4 ਮਹੀਨੇ | ਦਿਖਾਏ ਅਨੁਸਾਰ ਦੋਵਾਂ ਲੱਤਾਂ ਤੇ ਲਗਾਓ। |
| 6 ਮਹੀਨੇ | ਦਿਖਾਏ ਅਨੁਸਾਰ 1 ਲੱਤ ਤੇ ਲਗਾਓ। |

## ਮੈਂ 12 ਅਤੇ 18 ਮਹੀਨੇ ਦੀਆਂ ਟੀਕਾਕਰਣ ਮੁਲਾਕਾਤਾਂ ਲਈ ਸੁੰਨ ਕਰਨ ਵਾਲੇ ਉਤਪਾਦ ਕਿਥੇ ਲਗਾਵਾਂ?

ਇੰਨ੍ਹਾਂ ਮੁਲਾਕਾਤਾਂ ਤੇ, ਟੀਕੇ ਬਾਂਹ ਦੇ ਉੱਪਰੀ ਹਿੱਸੇ ਵਿੱਚ ਹੇਠਾਂ ਦਿਖਾਈਆਂ ਗਈਆਂ ਜਗ੍ਹਾਵਾਂ ਤੇ ਲਗਾਏ ਜਾਂਦੇ ਹਨ।




ਸੁੰਨ ਕਰਨ ਵਾਲੀ ਕ੍ਰੀਮ ਜਾਂ ਪੈਚ ਲਗਾਉਣ ਵੇਲੇ ਇੰਨ੍ਹਾਂ ਕਦਮਾਂ ਦੀ ਪਾਲਣਾ ਕਰੋ:

**ਬਾਂਹ ਦਾ ਉਪਰਲਾ ਹਿੱਸਾ**

1. ਆਪਣੇ ਬੱਚੇ ਨੂੰ ਉਨ੍ਹਾਂ ਦੀ ਕਮੀਜ਼ ਦੀ ਬਾਂਹ ਮੋੜ ਕੇ ਅਤੇ ਉਨ੍ਹਾਂ ਦੀ ਬਾਂਹ ਦੇ ਉਪਰਲੇ ਹਿੱਸੇ ਨੂੰ ਤੁਹਾਡੇ ਵਲ ਕਰਕੇ ਬਿਠਾਓ।
2. ਪੈਚ ਜਾਂ ਕ੍ਰੀਮ ਦੀ ਖੁਰਾਕ ਨੂੰ ਬਾਂਹ ਦੇ ਪਾਸੇ ਤੇ ਉਪਰਲੇ ਹਿੱਸੇ ਵਿੱਚ ਲਗਾਓ (ਏ)।

12 ਮਹੀਨੇ ਦੀ ਮੁਲਾਕਾਤ ਲਈ, ਦੂਸਰੀ ਬਾਂਹ ਤੇ ਦੋਬਾਰਾ ਅਜਿਹਾ ਕਰੋ।

**ਬਾਂਹ ਦਾ ਪਿਛਲਾ ਪਾਸਾ**

1. ਆਪਣੇ ਬੱਚੇ ਨੂੰ ਉਨ੍ਹਾਂ ਦੀ ਕਮੀਜ਼ ਦੀ ਬਾਂਹ ਮੋੜ ਕੇ ਅਤੇ ਉਨ੍ਹਾਂ ਦੀ ਬਾਂਹ ਦੇ ਉਪਰਲੇ ਹਿੱਸੇ ਨੂੰ ਤੁਹਾਡੇ ਵਲ ਕਰਕੇ ਬਿਠਾਓ।
2. ਪੈਚ ਜਾਂ ਕ੍ਰੀਮ ਨੂੰ ਆਪਣੇ ਬੱਚੇ ਦੀ ਬਾਂਹ ਦੇ ਪਿਛਲੇ ਪਾਸੇ ਦੇ ਵਿਚਲੇ ਹਿੱਸੇ ਤੇ ਲਗਾਓ (ਬੀ), ਉਨ੍ਹਾਂ ਦੇ ਮੋਢੇ ਅਤੇ ਕੂਹਣੀ ਦੇ ਅੱਧ ਵਿੱਚ। 12 ਮਹੀਨੇ ਦੀ ਮੁਲਾਕਾਤ ਲਈ, ਦੂਸਰੀ ਬਾਂਹ ਤੇ ਅਜਿਹਾ ਦੋਬਾਰਾ ਕਰੋ।

| ਉਮਰ | ਕ੍ਰੀਮ ਜਾਂ ਪੈਚ ਕਿਥੇ ਲਗਾਇਆ ਜਾਏ |
|---|---|
| 12 ਮਹੀਨੇ | ਦਿਖਾਏ ਅਨੁਸਾਰ ਬਾਂਹ ਦੇ ਪਾਸੇ ਦੇ ਉਪਰਲੇ ਹਿੱਸੇ ਅਤੇ ਦੋਵਾਂ ਬਾਂਹਵਾਂ ਦੇ ਪਿਛਲੇ ਪਾਸੇ ਲਗਾਓ। (ਦੋਵਾਂ ਬਾਂਹਵਾਂ ਤੇ ਏ ਅਤੇ ਬੀ)। |
| 18 ਮਹੀਨੇ | ਕੇਵਲ ਇੱਕ ਬਾਂਹ ਦੇ ਪਾਸੇ ਦੇ ਉਪਰਲੇ ਹਿੱਸੇ ਤੇ ਲਗਾਓ। (ਏ ਕੇਵਲ ਇੱਕ ਬਾਂਹ ਤੇ)। |

## ਮੈਂ 4 ਤੋਂ 6 ਸਾਲਾਂ ਦੀ ਟੀਕਾਕਰਣ ਮੁਲਾਕਾਤ ਲਈ ਸੁੰਨ ਕਰਨ ਵਾਲੇ ਉਤਪਾਦ ਕਿਥੇ ਲਗਾਵਾਂ?

4 ਤੋਂ 6 ਸਾਲਾਂ ਦੀ ਉਮਰ ਤੇ ਦਿੱਤੇ ਜਾਣ ਵਾਲੇ ਟੀਕੇ ਬਾਂਹ ਦੇ ਉਪਰਲੇ ਹਿੱਸੇ ਵਿੱਚ ਦਿੱਤੇ ਜਾਂਦੇ ਹਨ। ਸੁੰਨ ਕਰਨ ਵਾਲੀ ਕ੍ਰੀਮ ਜਾਂ ਪੈਚ ਨੂੰ ਬੱਚਿਆਂ ਲਈ 12 ਮਹੀਨੇ ਦੀ ਟੀਕਾਕਰਣ ਮੁਲਾਕਾਤ ਤੇ ਦਿਖਾਏ ਅਨੁਸਾਰ ਬਾਂਹ ਦੇ ਉਪਰਲੇ ਹਿੱਸੇ ਤੇ ਲਗਾਇਆ ਜਾਣਾ ਚਾਹੀਦਾ ਹੈ।

| ਉਮਰ | ਕ੍ਰੀਮ ਜਾਂ ਪੈਚ ਕਿਥੇ ਲਗਾਇਆ ਜਾਏ |
|---|---|
| 4 ਤੋਂ 6 ਸਾਲ | ਬਾਂਹ ਦੇ ਪਾਸੇ ਤੇ ਉਪਰਲੇ ਹਿੱਸੇ ਅਤੇ ਕੇਵਲ ਇੱਕ ਬਾਂਹ ਦੇ ਪਿਛਲੇ ਪਾਸੇ ਤੇ ਵੀ (ਕੇਵਲ ਇੱਕ ਬਾਂਹ ਤੇ ਏ ਅਤੇ ਬੀ)। |

ਸੁੰਨ ਕਰਨ ਵਾਲੀਆਂ ਕ੍ਰੀਮਾਂ ਵੱਡੇ ਬੱਚਿਆਂ ਅਤੇ ਬਾਲਗਾਂ ਲਈ ਵੀ ਵਰਤੀਆਂ ਜਾ ਸਕਦੀਆਂ ਹਨ।

## ਮੈਂ ਸੁੰਨ ਕਰਨ ਵਾਲੇ ਉਤਪਾਦ ਸੁਰੱਖਿਅਤ ਢੰਗ ਨਾਲ ਕਿਵੇਂ ਵਰਤਾਂ ਅਤੇ ਕੀ ਇੰਨ੍ਹਾਂ ਦੇ ਬੁਰੇ ਪ੍ਰਭਾਵ ਹਨ?

ਵਰਤਣ ਤੋਂ ਪਹਿਲਾਂ, ਉਤਪਾਦ ਹਿਦਾਇਤਾਂ ਪੜ੍ਹੋ ਅਤੇ ਪੱਕਾ ਕਰੋ ਕਿ ਸੁੰਨ ਕਰਨ ਵਾਲੀਆਂ ਕ੍ਰੀਮਾਂ ਜਾਂ ਪੈਚ ਤੁਹਾਡੇ ਬੱਚੇ ਤੇ ਵਰਤੇ ਜਾਣ ਲਈ ਸੁਰੱਖਿਅਤ ਹਨ। ਪੱਕਾ ਕਰੋ ਕਿ ਤੁਸੀਂ ਤੁਹਾਡੇ ਬੱਚੇ ਦੀ ਉਮਰ ਦੇ ਲਈ ਸੁੰਨ ਕਰਨ ਵਾਲੇ ਉਤਪਾਦ ਦੀ ਸਿਫਾਰਸ਼ ਕੀਤੀ ਗਈ ਮਾਤਰਾ ਨਾਲੋਂ ਵੱਧ ਨਹੀਂ ਵਰਤਦੇ। ਬੁਰੇ ਪ੍ਰਭਾਵ ਆਮਤੌਰ ਤੇ ਹਲਕੇ ਹੁੰਦੇ ਹਨ, ਚਮੜੀ ਸੰਬੰਧੀ ਸਥਾਨਕ ਪ੍ਰਤੀਕਿਰਿਆਵਾਂ ਤੱਕ ਸੀਮਿਤ ਜਿਥੇ ਸੁੰਨ ਕਰਨ ਵਾਲੀਆਂ ਕ੍ਰੀਮਾਂ ਲਗਾਈਆਂ ਗਈਆਂ ਹਨ। ਇੰਨ੍ਹਾਂ ਵਿੱਚ ਸ਼ਾਮਲ ਹਨ ਚਮੜੀ ਦਾ ਫਿੱਕਾਪਨ, ਲਾਲੀ ਅਤੇ ਸੋਜ। ਗੰਭੀਰ ਬੁਰੇ ਪ੍ਰਭਾਵ ਵਿਰਲੇ ਹੀ ਵਾਪਰਦੇ ਹਨ। ਇੰਨ੍ਹਾਂ ਜਾਂ ਕੋਈ ਵੀ ਹੋਰ ਪ੍ਰਤੀਕਿਰਿਆਵਾਂ ਦੀ ਸੂਰਤ ਵਿੱਚ, ਉਤਪਾਦ ਨੂੰ ਤੁਰੰਤ ਹਟਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਤੁਹਾਨੂੰ ਸਲਾਹ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਕ੍ਰੀਮ ਜਾਂ ਪੈਚ ਲਗਾ ਦਿੱਤੇ ਜਾਣ ਤੋਂ ਬਾਅਦ ਆਪਣੇ ਬੱਚੇ ਤੇ ਨਜ਼ਰ ਰੱਖੋ। ਪੱਟੀਆਂ ਅਤੇ ਪੈਚਾਂ ਕਰਕੇ ਸਾਹ ਘੁਟਣ ਦਾ ਖਤਰਾ ਹੋ ਸਕਦਾ ਹੈ ਜੇ ਤੁਹਾਡਾ ਬੱਚਾ ਉਨ੍ਹਾਂ ਨੂੰ ਖਿੱਚ ਕੇ ਉਤਾਰ ਦਿੰਦਾ ਹੈ। ਇਸ ਨੂੰ ਰੋਕਣ ਲਈ ਉਸ ਜਗ੍ਹਾ ਦੇ ਉੱਤੇ ਕਪੜੇ ਪਾਓ।

ਇਮਿਊਨਾਈਜ਼ੇਸ਼ਨ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਮਿਊਨਾਈਜ਼ ਬੀ.ਸੀ. ਦੀ ਇਹ ਵੈੱਬਸਾਈਟ https://immunizebc.ca/. ਦੇਖੋ।

BRITISH COLUMBIA ImmunizeBC
BC Centre for Disease Control
An agency of the Provincial Health Services Authority